ਵੱਲ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ , ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਪ੍ਰਿੰਸੀਪਲ,
ਬਹੁਤਕਨੀਕੀ/ਇੰਜਨੀਅਰਿੰਗ ਕਾਲਜ

ਮੀਮੋ ਨੰ: 1 ਟੀ/ਈ ਸਕਾਲਰਸ਼ਿਪ 849 ਮਿਤੀ: 29-4-15

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਰਕਾਰੀ/ਪ੍ਰਾਈਵੇਟ ਸੰਸਥਾਵਾਂ ਵਿੱਚ ਪੜਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆ ਤੋਂ ਫੀਸ ਅਤੇ ਦੂਸਰੇ ਚਾਰਜਿਜ ਨਾਂ ਲੈਣ ਬਾਰੇ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਦਾ ਧਿਆਨ ਪੰਜਾਬ ਸਰਕਾਰ ਭਲਾਈ ਵਿਭਾਗ ਵੱਲੋਂ ਜਾਰੀ ਪੱਤਰ ਨੰ: 2244-2249 ਮਿਤੀ 11-07-2007 ਰਾਹੀਂ ਜਾਰੀ ਹਦਾਇਤਾਂ ਵੱਲ ਦਿਵਾਇਆ ਜਾਂਦਾ ਹੈ। ਇਸ ਸਬੰਧੀ ਪੱਤਰ ਸਮੇਂ ਸਮੇਂ ਤੇ ਇਸ ਵਿਭਾਗ ਦੀ ਵੈਬ ਸਾਈਟ ਤੇ ਪਾਏ ਜਾਂਦੇ ਰਹੇ ਹਨ ਕਿ ਆਪ ਦੀਆਂ ਸੰਸਥਾਵਾਂ ਵਿੱਚ ਪੜ੍ਹਦੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਜਿਹਨਾਂ ਦੇ ਮਾਪਿਆਂ ਦੀ ਸਲਾਨਾਂ ਆਮਦਨ 2.50 ਲੱਖ ਰੁਪਏ ਤੋਂ ਘੱਟ ਹੋਵੇ ਅਤੇ ਪੰਜਾਬ ਦਾ ਵਾਸੀ ਹੋਵੇ ਤੋਂ ਟਿਊਸ਼ਨ ਫੀਸ ਅਤੇ ਨਾਨ ਰਿਫੰਡੇਬਲ ਕੰਪਲਸਰੀ ਫੀਸਾਂ ਜੋ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਕਵਰ ਹੁੰਦੀਆਂ ਹਨ ਨਾਂ ਲਈਆਂ ਜਾਣ। ਪ੍ਰੰਤੂ ਇਸ ਦੇ ਬਾਵਜੂਦ ਵੀ ਇਸ ਦਫਤਰ ਨੂੰ ਸ਼ਿਕਾਇਤਾ ਪ੍ਰਾਪਤ ਹੋ ਰਹੀਆਂ ਹਨ ਕਿ ਕੁਝ ਪ੍ਰਾਈਵੇਟ ਕਾਲਜਾਂ ਵੱਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆ ਵੱਲਂ ਫੀਸ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਉਹਨਾਂ ਨੂੰ ਇਮਤਿਹਾਨਾਂ ਵਿੱਚ ਨਾਂ ਬੈਠਣ ਦੇਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ। ਜੇਕਰ ਕੋਈ ਕਾਲਜ ਐਸ.ਸੀ. ਵਿਦਿਆਰਥੀਆਂ ਤੋਂ ਫੀਸ ਲੈਂਦਾ ਪਾਇਆ ਜਾਂਦਾ ਹੈ ਜਾਂ ਉਹਨਾਂ ਨੂੰ ਇਮਤਿਹਾਨ ਆਦਿ ਵਿੱਚ ਬੈਠਣ ਤੋਂ ਰੋਕਣਾ ਜਾਂ ਉਨ੍ਹਾਂ ਦੇ ਸਰਟੀਫਿਕੇਟ ਆਦਿ ਦੇਣ ਤੋਂ ਰੋਕੇ ਜਾਂਦੇ ਹਨ ਅਤੇ ਇਸ ਸਬੰਧੀ ਸ਼ਿਕਾਇਤ ਇਸ ਦਫਤਰ ਨੂੰ ਪ੍ਰਾਪਤ ਹੁੰਦੀ ਹੈ ਤਾਂ ਸਬੰਧਤ ਕਾਲਜ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਉਂਦੇ ਹੋਏ ਸਕਾਲਰਸ਼ਿਪ ਸਕੀਮ ਤੋਂ ਡੀਬਾਰ ਕਰਕੇ ਸਕਾਲਰਸ਼ਿਪ ਲਈ ਯੋਗ ਵਿਦਿਆਰਥੀਆਂ ਨੂੰ ਕਿਸੇ ਹੋਰ ਕਾਲਜ ਵਿੱਚ ਸ਼ਿਫਟ ਕਰਨ ਦੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਸਾਲ 2015-16 ਲਈ ਸਕਾਲਰਸ਼ਿਪ ਅਸ਼ੀਰਵਾਦ ਵੈਬ ਪੋਰਟਲ ਆਨਲਾਈਨ ਅਪਲਾਈ ਕਰਨ ਲਈ ਖੁੱਲ੍ਹਣ ਵਾਲਾ ਹੈ ਇਸ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਾਰੇ ਯੋਗ ਵਿਦਿਆਰਥੀਆਂ ਤੋਂ ਸਮੇਂ ਸਿਰ ਅਪਲਾਈ ਕਰਵਾ ਕੇ ਕੇਸ ਭਲਾਈ ਵਿਭਾਗ ਵੱਲੋਂ ਨਿਰਧਾਰਿਤ ਕੀਤੇ ਜਾਣ ਵਾਲੇ ਐਕਟੀਵਿਟੀ ਸ਼ਡਿਊਲ ਅਨੁਸਾਰ ਹੀ ਸਮੇਂ ਸਿਰ ਆਪਣੀ ਸਬੰਧਿਤ ਸੈਂਕਸ਼ਨਿੰਗ ਅਥਾਰਟੀ ਨੂੰ ਭੇਜੇ ਜਾਣ ਇਸ ਤੋਂ ਬਾਅਦ ਮੈਨੂਅਲ ਕੇਸ ਬਿਲਕੁਲ ਸਵੀਕਾਰ ਨਹੀਂ ਕੀਤੇ ਜਾਣਗੇ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਟੀ/ਈ/ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਐਸ.ਸੀ.ਓ ਨੰ: 128-129 ਸੈਕਟਰ 34-ਏ ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: ਸ-17/7553-59 ਮਿਤੀ 10-04-2015 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਟੀ/ਈ/ਸਕਾਲਰਸ਼ਿਪ ਮਿਤੀ:

ਉਪਰੋਕਤ ਦਾ ਇਕ ਉਤਾਰਾ ਪ੍ਰੋਗਰਾਮਰ (ਮੁੱਖ ਦਫਤਰ) ਨੂੰ ਵਿਭਾਗ ਦੀ ਵੈਬਸਾਈਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ।